ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

(ਪੰਜਾਬ ਮਿਊਂਸੀਪਲ ਭਵਨ, ਪਲਾਟ ਨੰ: 3, ਸੈਕਟਰ 35ਏ, ਚੰਡੀਗੜ੍ਹ)

## ਨੋਟੀਫਿਕੇਸ਼ਨ

10/09/2013-3ਸਸ3 3197 ਮਿਤੀ; ਚੰਡੀਗੜ੍ਹ: 31-12-2020

ਜਿਲ੍ਹਾ ਬਠਿੰਡਾ ਦੀ ਗ੍ਰਾਮ ਪੰਚਾਇਤ ਚਾਉਕੇ ਦੇ ਖੇਤਰ ਨੂੰ ਨਗਰ ਪੰਚਾਇਤ ਘੋਸ਼ਿਤ ਕਰਨ ਤੋਂ ਪਹਿਲਾਂ ਪੰਜਾਬ ਮਿਉਂਸੀਪਲ ਐਕਟ 1911 ਦੀ ਧਾਰਾ 4(1) ਅਧੀਨ ਮੁਢਲਾ ਅਧਿਸੂਚਨਾ ਨੰ: 10/09/2013-3ਸਸ3/49133/1, ਮਿਤੀ 07.05.2013 ਜਾਰੀ ਕੀਤਾ ਗਿਆ ਸੀ ਅਤੇ ਮਿਥੇ ਸਮੇਂ ਅੰਦਰ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਪੰਜਾਬ ਮਿਉਂਸੀਪਲ ਐਕਟ 1911 ਦੀ ਧਾਰਾ 4(1) ਅਧੀਨ ਅਧਿਸੂਚਨਾ ਨੰ: 10/09/2013-3ਸਸ3/133088/2, ਮਿਤੀ: 05.12.2013 ਰਾਹੀਂ ਨਗਰ ਪੰਚਾਇਤ, ਚਾਉਕੇ ਦੀ ਰਚਨਾ ਕੀਤੀ ਗਈ ਸੀ।

2. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਬਠਿੰਡਾ ਵੱਲੋਂ ਪੱਤਰ ਨੰ: 2ਡਡਸਸ-19/4352 ਮਿਤੀ 23.12.2019 ਰਾਹੀਂ ਰਿਪੋਰਟ ਕੀਤੀ ਗਈ ਕਿ ਨਗਰ ਪੰਚਾਇਤ, ਚਾਉਕੇ ਦੀ ਸੰਭਾਵਤ ਸਲਾਨਾ ਆਮਦਨ ਕੇਵਲ 92.00 ਲੱਖ ਰੁਪਏ ਹੈ, ਜਦੋਂ ਕਿ ਸੰਭਾਵਤ ਸਲਾਨਾ ਖਰਚੇ 218.50 ਲੱਖ ਰੁਪਏ ਹੈ। ਇਸ ਤਰ੍ਹਾਂ ਨਗਰ ਪੰਚਾਇਤ ਨੂੰ 126.50 ਲੱਖ ਰੁਪਏ ਦਾ ਸਲਾਨਾ ਘਾਟਾ ਪੈ ਰਿਹਾ ਹੈ ਅਤੇ ਨਗਰ ਪੰਚਾਇਤ ਦੀ ਦੇਣਦਾਰੀ ਹਰ ਸਾਲ ਵਧਦੀ ਹੀ ਜਾਵੇਗੀ; ਜਿਸ ਕਰਕੇ ਨਗਰ ਪੰਚਾਇਤ ਨੂੰ ਲਿਟੀਗੇਸ਼ਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਨਗਰ ਪੰਚਾਇਤ ਚਾਉਕੇ ਸ਼ਹਿਰ ਨਿਵਾਸੀਆ ਨੂੰ ਮੁਢਲੀਆਂ ਸਹੂਲਤਾਂ ਦੇਣ ਤੋਂ ਅਸਮੱਰਥ ਹੋ ਸਕਦੀ ਹੈ। ਨਗਰ ਪੰਚਾਇਤ, ਚਾਉਕੇ ਦੀ ਆਰਥਿਕ ਹਾਲਤ ਮੰਦੀ ਹੋਣ ਕਰਕੇ ਰਿਜਨਲ ਡਿਪਟੀ ਡਾਇਰੈਕਟਰ, ਬਠਿੰਡਾ ਦੇ ਪੱਤਰ ਨੰ: 2ਡਡਸਸ-19/4352, ਮਿਤੀ: 23.12.2019 ਰਾਹੀਂ ਚਾਉਕੇ ਨੂੰ ਡੀ-ਨੋਟੀਫਾਈਡ ਕਰਨ ਲਈ ਤਜਵੀਜ ਭੇਜੀ ਗਈ।

3. ਨਗਰ ਪੰਚਾਇਤ, ਚਾਉਕੇਂ ਨੂੰ ਡੀ-ਨੋਟੀਫਾਈ ਕਰਨ ਤੋਂ ਪਹਿਲਾਂ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: 10/09/2013-3ਸਸ3/2775 ਮਿਤੀ 29.10.2020 ਰਾਹੀਂ ਵਸਨੀਕਾਂ ਤੋਂ 30 ਦਿਨਾਂ ਦੇ ਅੰਦਰ ਅੰਦਰ ਇਤਰਾਜ ਮੰਗੇ ਗਏ ਸਨ। ਵਸਨੀਕਾਂ ਵੱਲੋਂ ਪ੍ਰਾਪਤ ਇਤਰਾਜਾਂ ਨੂੰ ਵਿਚਾਰਨ ਉਪਰੰਤ ਸੱਕਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਵੱਲੋਂ ਮਿਤੀ 18.12.2020 ਨੂੰ ਵਸਨੀਕਾਂ ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਸੁਣਵਾਈ ਦੌਰਾਨ ਪੇਸ਼ ਕੀਤੇ ਇਤਰਾਜਾਂ ਤੇ ਡਿਪਟੀ ਕਮਿਸ਼ਨਰ, ਬਠਿੰਡਾ ਤੋਂ ਪੱਤਰ ਨੰ: 10/36/2013-3ਸਸ3(4ਸਸ3)/3113 ਮਿਤੀ 22.12.2020 ਰਾਹੀਂ ਟਿੱਪਣੀ ਮੰਗੀ ਗਈ। ਡਿਪਟੀ ਕਮਿਸ਼ਨਰ, ਬਠਿੰਡਾ ਵੱਲੋਂ ਪੱਤਰ ਨੰ: 1478/ਨ.ਪ.ਸ-1 ਮਿਤੀ 24.12.2020 ਰਾਹੀਂ ਇਤਰਾਜਾਂ ਤੇ ਟਿੱਪਣੀ ਦਿੰਦੇ ਹੋਏ ਸੂਚਿਤ ਕੀਤਾ ਹੈ ਕਿ ਜੇਕਰ ਨਗਰ ਪੰਚਾਇਤ ਨੂੰ ਡੀ-ਨੋਟਿਫਾਇਡ ਕੀਤਾ ਜਾਂਦਾ ਹੈ ਤਾਂ ਸਫਾਈ ਸਬੰਧੀ ਵਿਵਸਥਾ ਗਰਾਮ ਪੰਚਾਇਤ ਵੱਲੋਂ ਸੁਚੇਰੇ ਢੰਗ ਨਾਲ ਕੀਤੀ ਜਾ ਸਕਦੀ ਹੈ। ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਬਠਿੰਡਾ ਵਲੋਂ ਆਪਣੇ ਪੱਤਰ ਨੰ.2ਡਸਸ-2020/4370 ਮਿਤੀ 23.12.2020 ਰਾਹੀਂ ਸੂਚਿਤ ਕੀਤਾ ਹੈ ਕਿ ਚਾਰ ਨਗਰ ਪੰਚਾਇਤਾਂ ਵਿਚ ਸਿਰਫ ਇੱਕ-ਇੱਕ ਕਲਰਕ ਰੈਗੂਲਰ ਤੌਰ ਤੇ ਕੰਮ ਕਰ ਰਿਹਾ ਹੈ। ਇਨ੍ਹਾਂ ਚਾਰ ਕਲਰਕਾਂ ਨੂੰ ਕਿਸੇ ਵੀ ਨਗਰ ਕੌਂਸਲ/ਨਗਰ ਪੰਚਾਇਤ ਵਿਚ ਐਡਜਸਟ ਕਰ ਦਿੱਤਾ ਜਾਵੇਗਾ।

4. ਉਕਤ ਦਰਸਾਏ ਤੱਥਾਂ ਨੂੰ ਵਿਚਾਰਨ ਉਪਰੰਤ ਪ੍ਰਾਪਤ ਹੋਏ ਇਤਰਾਜਾਂ ਨੂੰ ਮੂੰਹ ਬੋਲਦੇ ਹੁਕਮ ਨੰ.10/36/2013-3ਸਸ3/3164 ਮਿਤੀ 29.12.2020 ਰਾਹੀਂ ਰੱਦ ਕਰਦੇ ਹੋਏ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 5 ਅਧੀਨ ਨਗਰ ਪੰਚਾਇਤ, ਚਾਉਕੇਂ ਨੂੰ ਡੀ-ਨੋਟੀਫਾਈਡ ਕੀਤਾ ਜਾਂਦਾ ਹੈ।

Scanned by CamScanner

5. ਇਹ ਨੋਟੀਫਿਕੇਸਨ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਅਜੋਏ ਕੁਮਾਰ ਸਿਨਹਾ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ

ਮਿਤੀ; ਚੰਡੀਗੜ੍ਹ:
31-12-2020

ਪਿੱਠ ਅੰਕਣ ਨੰ: 10/9/2013-3ਸਸ3 3198 ਮਿਤੀ; ਚੰਡੀਗੜ੍ਹ: 31-12-2020

ਇਸਦੀ ਇੱਕ ਕਾਪੀ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸਨਰੀ ਵਿਭਾਗ, ਪੰਜਾਬ, ਐਸ.ਏ.ਐਸ.ਨਗਰ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਇਹ ਅਧਿਸੂਚਨਾ ਪੰਜਾਬ ਸਰਕਾਰ ਦੇ ਗਜਟ (ਅਸਧਾਰਨ) ਵਿੱਚ ਛਾਪਣ ਦੀ ਖੇਚਲ ਕੀਤੀ ਜਾਵੇ ਅਤੇ ਅਧਿਸੂਚਨਾ ਦੀਆਂ 10 ਕਾਪੀਆਂ ਇਸ ਵਿਭਾਗ ਨੂੰ ਰਿਕਾਰਡ ਹਿੱਤ ਭੇਜੀਆਂ ਜਾਣ।

ਅਧੀਨ ਸਕੱਤਰ

ਪਿ:ਅੰ:ਨੰ: 10/9/2013-3ਸਸ3 3199 ਮਿਤੀ; ਚੰਡੀਗੜ੍ਹ: 31-12-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਪੰਜਾਬ, ਚੰਡੀਗੜ੍ਹ;
2. ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ);
3. ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ;
4. ਸਕੱਤਰ, ਪੰਜਾਬ ਰਾਜ ਚੋਣ ਕਮਿਸ਼ਨ, ਚੰਡੀਗੜ੍ਹ;
5. ਡਿਪਟੀ ਕਮਿਸ਼ਨਰ,ਬਠਿੰਡਾ;
6. ਉਪ ਮੰਡਲ ਮੈਜਿਸਟਰੇਟ, ਮੌੜ ਮੰਡੀ;
7. ਤਹਿਸੀਲਦਾਰ, ਮੌੜ ਮੰਡੀ;
8. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮੌੜ ਮੰਡੀ;
9. ਮੁੱਖ ਇੰਜੀਨੀਅਰ (ਨਗਰ ਕੌਂਸਲ), ਸਥਾਨਕ ਸਰਕਾਰ ਵਿਭਾਗ,ਪੰਜਾਬ,ਚੰਡੀਗੜ੍ਹ;
10. ਟਾਊਨ ਪਲੈਨਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ;
11. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ;
12. ਸਹਾਇਕ ਡਾਇਰੈਕਟਰ, ਚੋਣਾਂ, ਸਥਾਨਕ ਸਰਕਾਰ ਵਿਭਾਗ,ਪੰਜਾਬ,ਚੰਡੀਗੜ੍ਹ;
13. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਬਠਿੰਡਾ;
14. ਕਾਰਜ ਸਾਧਕ ਅਫਸਰ,ਨਗਰ ਪੰਚਾਇਤ ਚਾਉਕੇਂ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਬਣਦੀ ਅਗਲੇਰੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ

Scanned by CamScanner